ਵਾਹਿਗੁਰੂ ਜੀ ਕੀ ਫਤਹਿ

# INSTITUTE OF SIKH STUDIES (REGD)

GURDWARA SINGH SABHA, KANTHALA, IA, PHASE II, TRIBUNE CHOWK, CHANDIGARH - 160002
Phone: +91 172 2642580, 2642581; Fax: +91 172 2642581
Email: iosschd@gmail.com; Web: www.sikhinstitute.org

S Gurdev Singh, IAS (retd)
Patron
+91 172 2600410

Dr Kirpal Singh, Prof Emer
Chairman
Sikh History Project
+91 9316005061

EXECUTIVE COMMITTEE

Dr Birendra Kaur
President
+91 9888901024

Bhai Ashok Singh
Vice-President
+91 9814095308

S Sadhu Singh
Secretary
+91 9878019793

S Ishwinder Singh
Jt Secretary
+91 9815164749

S Gurpreet Singh
Treasurer
+91 9815193839

Bibi Baljit Kaur
Member
+91 9872923851

Lt Gen Kartar Singh PVSM
Member
+91 9814499969

Ref:IOSS/2014/July/3

ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ
ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ
ਸ੍ਰੀ ਅੰਮ੍ਰਿਤਸਰ ।

ਵਿਸ਼ਾ: ਕਿਰਪਾਨ ਦੇ ਬੇਮੌਕੇ ਵਿਖਾਵੇ ਦੇ ਮਾਰੂ ਸਿੱਟੇ ।

ਸਤਿਕਾਰਯੋਗ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ॥

ਹਰਿਆਣਾ ਕਮੇਟੀ ਬਣਨ ਨਾਲ ਅਤੇ ਉਸ ਪ੍ਰਤੀ ਪੰਜਾਬ ਦੇ ਪ੍ਰਤੀਕਰਮ ਸਦਕਾ ਸਥਿਤੀ ਬਹੁਤ ਹੀ ਗੰਭੀਰ ਅਤੇ ਨਿਰਾਸ਼ਾਜਨਕ ਹੈ । ਇਸ ਨਾਲ ਸੰਸਾਰ ਪੱਧਰ ਤੇ ਸਿੱਖ ਕੌਮ ਦੀ ਦਿੱਖ ਨੂੰ ਬਹੁਤ ਜਬਰਦਸਤ ਧੱਕਾ ਲੱਗ ਰਿਹਾ ਹੈ। ਹਾਲ ਹੀ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਅਤੇ ਤਖਤ ਪਟਨਾ ਸਾਹਿਬ ਵਿਖੇ ਹੋਈਆਂ ਕੁਝ ਘਟਨਾਵਾਂ ਨੇ ਵੀ ਸਿੱਖ ਜਗਤ ਨੂੰ ਸ਼ਰਮਸਾਰ ਕੀਤਾ ਹੈ ।

ਸਾਨੂੰ ਸੁਚੇਤ ਰਹਿਣਾ ਚਾਹੀਦਾ ਹੈ ਕਿ ਬੇਮੌਕਾ ਕਿਰਪਾਨਾ ਦਾ ਵਿਖਾਵਾ ਕਰਨ ਦੇ ਕਈ ਮਾਰੂ ਨਤੀਜੇ ਨਿਕਲ ਸਕਦੇ ਹਨ । ਇਸ ਨੂੰ ਆਧਾਰ ਬਣਾ ਕੇ ਸਰਕਾਰਾਂ ਇਸ ਉਪਰ ਪਾਬੰਦੀ ਲਗਾ ਸਕਦੀਆਂ ਹਨ । ਫਿਰ ਇਸ ਦਾ ਜਿੰਮੇਦਾਰ ਕੌਣ ਹੋਵੇਗਾ ?

ਅਜੋਕੇ ਯੁੱਗ ਵਿੱਚ ਟੈਕਨੌਲਜੀ ਰਾਹੀਂ ਪਲਾਂ ਵਿੱਚ ਹੀ ਅਜਿਹੀਆਂ ਘਟਨਾਵਾਂ ਦੁਨੀਆਂ ਭਰ ਵਿੱਚ ਨਸ਼ਰ ਹੋ ਜਾਂਦੀਆਂ ਹਨ । ਇਸ ਕਰਕੇ ਅਗਰ ਅਸੀਂ ਆਪਣੇ ਮਸਲੇ ਬਹੁਤ ਹੀ ਸੂਝ-ਬੂਝ ਅਤੇ ਸੰਜੀਦਾ ਤਰੀਕੇ ਨਾਲ ਨਾ ਸੁਲਝਾਏ ਤਾਂ ਸਿੱਖ ਕੌਮ ਦੇ ਵਕਾਰ ਨੂੰ ਬਹੁਤ ਸੱਟ ਵੱਜੇਗੀ।

ਅਸੀਂ ਆਪ ਜੀ ਨੂੰ ਪੁਰਜੋਰ ਅਪੀਲ ਕਰਦੇ ਹਾਂ ਕਿ ਸਮੁੱਚੀ ਸਿੱਖ ਕੌਮ ਦੇ ਮਾਨਵਰ ਅਦਾਰੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਹੋਣ ਦੇ ਨਾਤੇ ਆਪ ਕੌਮ ਨੂੰ ਹਦਾਇਤ ਕਰੋ ਕਿ ਉਹ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਅਤੇ ਸਿੱਖ ਕਦਰਾਂ ਕੀਮਤਾਂ ਦੇ ਅਨੁਸਾਰ ਆਪਣੇ ਮਸਲੇ ਸਲੀਕੇ ਨਾਲ ਹੱਲ ਕਰੇ ।

ਭਰਪੂਰ ਆਸਵੰਦ ਹੋ ਕੇ,

ਆਦਰ ਸਹਿਤ,
ਪੰਥ ਦੇ ਦਾਸ,

(ਬਰਿੰਦਰਾ ਕੌਰ)
ਪ੍ਰਧਾਨ